Workplace Safety & Insurance Board
Commission de la sécurité professionnelle et de l'assurance contre les accidents du travail

**Fact Sheet**
PUNJABI

# ਬੀਮਾ ਕਵਰੇਜ਼

## ਕਾਮਿਆਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ
## .....ਕੰਮ ਦੇ ਸਥਾਨ ਤੇ ਚੋਟਾਂ ਅਤੇ ਬੀਮਾਰੀਆਂ ਦੀ ਰਿਪੋਰਟ ਕਰਨ ਬਾਰੇ

ਉਨਟਾਰੀਓ ਵਿੱਚ ਜ਼ਿਆਦਾਤਰ ਕਾਮਿਆਂ ਕੋਲ ਆਪਣੇ ਕੰਮ ਦੇ ਸਥਾਨ ਤੇ ਚੋਟ ਲੱਗਣ ਜਾਂ ਆਪਣੇ ਕੰਮ ਤੋਂ ਬੀਮਾਰ ਹੋਣ ਦੀ ਸੂਰਤ ਵਿੱਚ ਕੰਮ ਦੀ ਜਗ੍ਹਾ ਤੇ ਬੀਮਾ ਹੁੰਦਾ ਹੈ । ਇਹ ਤੱਥ ਪੱਤਰ ਤੁਹਾਨੂੰ ਇਹ ਜਾਨਣ ਵਿੱਚ ਮਦਦ ਕਰੇਗਾ ਕਿ ਕਦੋਂ ਅਤੇ ਕਿਸ ਤਰ੍ਹਾਂ ਕਲੇਮ ਦੀ ਰਿਪੋਰਟ ਕਰਨੀ ਹੈ ।

### ਜੇਕਰ ਕੋਈ ਕੰਮ ਤੇ ਜ਼ਖ਼ਮੀ ਹੋ ਜਾਵੇ ਜਾਂ ਕੰਮ ਦੀ ਵਜ੍ਹਾ ਕਾਰਨ ਉਹ ਬੀਮਾਰ ਹੋ ਜਾਵੇ ਤਾਂ ਕੀ ਕਰਨਾ ਹੈ ?

ਇਹ ਜ਼ਰੂਰੀ ਕਦਮ ਉਠਾਉ

1. ਤਤਕਾਲ ਹੀ ਮੁੱਢਲੀ ਸਹਾਇਤਾ ਲਉ, ਜਾਂ ਜੇਕਰ ਜ਼ਰੂਰਤ ਹੈ ਤਾਂ ਡਾਕਟਰੀ ਸੰਭਾਲ ।
2. ਜਿੰਨ੍ਹੀ ਜਲਦੀ ਸੰਭਵ ਹੋਵੇ ਮਾਲਕਾਂ ਜਾਂ ਸੁਪਰਵਾਈਜ਼ਰ ਨੂੰ ਸੱਟ ਜਾਂ ਬੀਮਾਰੀ ਬਾਰੇ ਦੱਸੋ ।

### ਵਰਕਪਲੇਸ ਸੇਫ਼ਟੀ ਅਤੇ ਇੰਸ਼ੋਰੈਂਸ ਬੋਰਡ (WSIB) ਨੂੰ ਕਿਸ ਨੇ ਰਿਪੋਰਟ ਕਰਨੀ ਹੈ ?

ਇਹ ਮਾਲਕਾਂ ਦਾ ਫਰਜ਼ ਹੈ ਕਿ **WSIB** ਨੂੰ ਤਤਕਾਲ ਇਤਲਾਹ ਦੇਣ । ਮਾਲਕਾਂ ਦੀ ਸੱਟ/ਬੀਮਾਰੀ ਦੀ ਰਿਪੋਰਟ ਪੂਰੀ ਕਰਕੇ ਮਾਲਕ ਇਸ ਨੂੰ ਡਾਕ ਜਾਂ ਫੈਕਸ ਰਾਹੀਂ ਭੇਜ ਸਕਦੇ ਹਨ । ਉਹ ਇਹ **WSIB** ਦੀ ਵੈਬ ਸਾਈਟ –**www.wsib.on.ca** ਤੋਂ ਛਾਪ ਸਕਦੇ ਹਨ ਜਾਂ WSIB ਦੇ ਨਜ਼ਦੀਕੀ ਦਫਤਰ ਤੋਂ ਇਸ ਦੀਆਂ ਕਾਪੀਆਂ ਹਾਸਲ ਕਰ ਸਕਦੇ ਹਨ (ਫੋਨ ਬੁੱਕ ਚੈਕ ਕਰੋ ) ।

### ਮਾਲਕਾਂ ਲਈ ਇਹ ਵੀ ਜ਼ਰੂਰੀ ਹੈ :

- ਕਾਮੇ ਨੂੰ ਚੋਟ ਵਾਪਰਣ ਵਾਲੇ ਦਿਨ ਜਾਂ ਸ਼ਿਫਟ ਦੀ ਉਜਰਤ ਦੇਣ
- ਜੇਕਰ ਡਾਕਟਰੀ ਸੰਭਾਲ ਦੀ ਜ਼ਰੂਰਤ ਹੈ ਉਸ ਦਾ ਇੰਤਜਾਮ ਕਰਨ ਅਤੇ ਉਸ ਦੀ ਆਵਾਜਾਈ ਦਾ ਖਰਚਾ ਦੇਣ
- ਪੂਰੀ ਕਰਨ ਤੋਂ ਬਾਅਦ ਤੁਹਾਨੂੰ ਦੁਰਘਟਨਾ ਰਿਪੋਰਟ ਦੀ ਨਕਲ ਦੇਣ

ਆਪਣੇ ਮਾਲਕ ਨਾਲ ਮਿਲੋ ਇਹ ਦੇਖਣ ਲਈ ਕਿ ਕੀ ਉਨ੍ਹਾਂ ਨੇਂ ਸੱਟ ਜਾਂ ਬੀਮਾਰੀ ਦੀ ਰਿਪੋਰਟ ਕੀਤੀ ਹੈ । ਜੇਕਰ ਤੁਸੀਂ ਸੋਚਦੇ ਹੋ ਕਿ ਉਹ ਰਿਪੋਰਟ ਨਹੀਂ ਕਰਨਗੇ ਤਾਂ ਤੁਸੀਂ ਸਾਡੇ ਨਾਲ ਸਿਧੇ ਤੌਰ ਤੇ ਸੰਪਰਕ ਕਰ ਸਕਦੇ ਹੋ ।

### ਲਾਭਾਂ ਦਾ ਦਾਅਵਾ ਕਰਨਾ

ਜਦੋਂ ਸਾਨੂੰ ਮਾਲਕਾਂ ਦੀ ਰਿਪੋਰਟ ਮਿਲਦੀ ਹੈ ਤਾਂ ਅਸੀ ਦਾਅਵਾ ਰਜਿਸਟਰ ਕਰਦੇ ਹਾਂ ਜਾਂ ਕਈ ਵਾਰੀ ਡਾਕਟਰ ਦੀ ਰਿਪੋਰਟ ਤੋਂ ਵੀ । ਫਿਰ ਅਸੀ ਤੁਹਾਨੂੰ ਇਕ ਫਾਰਮ ਭੇਜਦੇ ਹਾਂ ਤਾਂ ਜੋ ਤੁਸੀਂ ਵਰਨਣ ਕਰ ਸਕੋ ਕਿ ਕੀ ਵਾਪਰਿਆ ਸੀ । ਤੁਹਾਨੂੰ ਇਸ ਫਾਰਮ ਨੂੰ ਪੂਰਾ ਕਰਕੇ, ਦਸਤਖਤ ਕਰਕੇ ਸਾਨੂੰ ਜਿੰਨੀ ਜਲਦੀ ਹੋ ਸਕੇ ਵਾਪਿਸ ਭੇਜਣਾ ਚਾਹੀਦਾ ਹੈ । ਇਹ ਜ਼ਰੂਰੀ ਹੈ ਕਿਉਂਕਿ ਸਾਨੂੰ ਤੁਹਾਡੇ ਦਸਤਖਤ ਚਾਹੀਦੇ ਹਨ ਇਹ :

- ਪੁਸ਼ਟੀ ਕਰਨ ਲਈ ਕਿ ਤੁਸੀ ਲਾਭਾਂ ਦਾ ਦਾਅਵਾ ਕਰ ਰਹੇ ਹੋ ਅਤੇ
- ਆਗਿਆ ਲੈਣ ਲਈ ਕਿ ਉਹ ਡਾਕਟਰ ਜੋ ਤੁਹਾਡਾ ਇਲਾਜ ਕਰ ਰਿਹਾ/ਰਹੀ ਹੈ, ਉਹ ਤੁਹਾਡੇ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਸੀ ਲਈ ਸਹਾਈ ਜਾਣਕਾਰੀ ਮਾਲਕਾਂ ਨੂੰ ਦੇਵੇ । ਇਹ ਜਾਣਕਾਰੀ ਇਸ ਬਾਰੇ ਹੈ ਕਿ ਤੁਹਾਡੀ ਕੰਮ ਤੇ ਵਾਪਸੀ ਤੇ ਤੁਸੀਂ ਕੀ ਕਰਨ ਦੇ ਯੋਗ ਹੋ ।

### ਜੇਕਰ ਤੁਸੀਂ ਸਿਹਤ ਸੰਭਾਲ ਇਲਾਜ ਲਉ ਤਾਂ...

1. ਇਲਾਜ ਕਰ ਰਹੇ ਵਿਅਕਤੀ ਨੂੰ ਦੱਸੋ ਕਿ ਤੁਹਾਡੀ ਸੱਟ ਕੰਮ ਤੇ ਲਗੀ ਹੈ ।
2. ਜੇਕਰ ਤੁਸੀਂ ਬੀਮਾਰ ਹੋ ਅਤੇ ਤੁਸੀਂ ਸੋਚਦੇ ਹੋ ਕੇ ਇਹ ਕੰਮ ਤੇ ਕਿਸੇ ਵਜ੍ਹਾ ਕਾਰਨ ਹੈ ਤਾਂ ਡਾਕਟਰ ਨੂੰ ਦੱਸੋ ।
   - ਤੁਹਾਡੇ ਧਿਆਨ ਵਿੱਚ ਪਹਿਲੀ ਵਾਰ ਲੱਛਣ ਕਦੋਂ ਆਏ
   - ਕੰਮ ਦੇ ਹਾਲਾਤ ਕਿਸ ਤਰ੍ਹਾਂ ਦੇ ਹਨ ਅਤੇ ਤੁਸੀਂ ਕਿਤਨੇ ਸਮੇਂ ਤੋਂ ਇਨ੍ਹਾਂ ਹਾਲਾਤਾਂ ਵਿਚ ਕੰਮ ਕਰ ਰਹੇ ਹੋ
3. ਡਾਕਟਰ ਜਾਂ ਤੁਹਾਡਾ ਇਲਾਜ ਕਰ ਰਹੇ ਵਿਅਕਤੀ ਨੂੰ ਇਕ ਰਿਪੋਰਟ ਪੂਰੀ ਕਰਕੇ WSIB ਨੂੰ ਭੇਜਣ ਦੀ ਜ਼ਰੂਰਤ ਹੈ ਤਾਂ ਕਿ ਤੁਸੀਂ ਲਾਭਾਂ ਦਾ ਦਾਅਵਾ ਕਰ ਸਕੋ । ਤੁਹਾਡੇ ਲਈ ਫਾਰਮ ਉਪਰ ਆਪਣੇ ਅਤੇ ਆਪਣੇ ਮਾਲਕਾਂ ਸੰਬੰਧੀ ਜਾਣਕਾਰੀ ਦੇਣ ਲਈ ਜਗ੍ਹਾਹਾਂ ਹਨ ।

### ਕਾਮੇ ਲਾਭਾਂ ਦਾ ਦਾਅਵਾ ਕਦੋਂ ਕਰ ਸਕਦੇ ਹਨ ?

ਕਾਮੇ ਹੋਣ ਦੇ ਨਾਤੇ ਤੁਸੀਂ ਲਾਭਾਂ ਦਾ ਕਲੇਮ ਕਰ ਸਕਦੇ ਹੋ ਜੇਕਰ ਤੁਹਾਨੂੰ:

- ਡਾਕਟਰੀ ਸਹਾਇਤਾ ਦੀ ਜ਼ਰੂਰਤ ਪਈ ਹੈ ਅਤੇ / ਜਾਂ
- ਚੋਟ ਵੱਜਣ ਵਾਲੇ ਦਿਨ ਤੋਂ ਉਪਰੰਤ ਤੁਸੀਂ ਕੰਮ ਤੋਂ ਸਮਾਂ ਜਾਂ ਉਜਰਤ ਖੋਹੀ ਹੈ

 © WSIB Ontario

- ਆਮ ਜਾਂ ਘੱਟ ਉਜਰਤ ਲੈ ਕੇ ਚੋਟ ਦੀ ਵਜ੍ਹਾ ਕਾਰਨ ਤੁਹਾਨੂੰ ਸੱਤ ਦਿਨ ਤੋਂ ਅਧਿਕ ਵੱਖਰੀ ਕਿਸਮ ਦਾ ਕੰਮ ਕਰਨਾ ਪਿਆ ਹੈ (ਮਾਲਕ ਨੂੰ ਤਤਕਾਲ ਇਸ ਗੱਲ ਦੀ ਰਿਪੋਰਟ ਕਰਨੀ ਚਾਹੀਦੀ ਹੈ ਜੇਕਰ ਸੱਤ ਦਿਨਾਂ ਬਾਦ ਅਜੇ ਵੀ ਕਾਮੇ ਨੂੰ ਵੱਖਰੀ ਕਿਸਮ ਦੇ ਕੰਮ ਦੀ ਜ਼ਰੂਰਤ ਹੈ )
- ਕੰਮ ਜਾਰੀ ਰੱਖਿਆ, ਪਰ ਨਿਸਚਿਤ ਸਮੇਂ ਤੋਂ ਘੱਟ, ਆਮ ਜਾਂ ਆਮ ਤੋਂ ਘੱਟ ਉਜਰਤ ਲੈਕੇ

## ਲਾਭਾਂ ਦਾ ਕਲੇਮ ਕਦੋਂ ਨਹੀਂ ਕਰਨਾ ਚਾਹੀਦਾ

ਜੇਕਰ ਹੇਠ ਲਿਖੀਆਂ ਚਾਰੇ ਗੱਲਾਂ ਸਹੀ ਹਨ ਤਾਂ ਕਲੇਮ ਨਾਂ ਕਰੋ:

1. ਸਿਰਫ ਮੁੱਢਲੀ ਸਹਾਇਤ ਦੀ ਹੀ ਜ਼ਰੂਰਤ ਪਈ
2. ਕੰਮ ਤੋਂ ਤੁਸੀਂ ਕੋਈ ਵੀ ਸਮਾਂ ਨਹੀਂ ਖੋਹਿਆ
3. ਤੁਹਾਡੀ ਤਨਖਾਹ ਤੇ ਕੋਈ ਅਸਰ ਨਹੀਂ ਪਿਆ
4. ਚੋਟ ਦੀ ਵਜ੍ਹਾ ਨਾਲ ਤੁਹਾਡੇ ਕੰਮ ਵਿੱਚ ਤਬਦੀਲੀ ਨਹੀਂ ਹੋਈ ।

## ਜਲਦੀ ਰਿਪੋਰਟ ਕਰਨ ਦੇ ਕੀ ਲਾਭ ਹਨ ?

WSIB ਬੀਮਾ ਲਾਭ ਅਦਾਇਗੀ ਕਰਦੇ ਹਨ :

- ਸਿਹਤ ਸੰਭਾਲ ਵਾਲਿਆਂ ਨੂੰ ਚੋਟ/ਬੀਮਾਰੀ ਦੇ ਇਲਾਜ ਲਈ
- ਕੰਮ ਤੇ ਵਾਪਸੀ ਵਿੱਚ ਸਹਾਇਤਾ ਅਤੇ
- ਜਦ ਸਿਹਤਯਾਬ ਹੋ ਰਹੇ ਹੋ ਤਾਂ ਆਰਜ਼ੀ ਆਮਦਨੀ (ਕਮਾਈ ਵਿੱਚ ਘਾਟਾ)

ਜੇਕਰ ਕਲੇਮ ਮਨਜ਼ੂਰ ਹੋ ਜਾਵੇ, ਤਾਂ ਕਮਾਈ ਵਿੱਚ ਘਾਟਾ ਲਾਭ ਤੁਹਾਨੂੰ ਚੋਟ ਦੇ ਦਿਨ ਤੋਂ ਬਾਅਦ ਖੋਹੇ ਸਮੇਂ ਲਈ ਅਦਾਇਗੀ ਕਰਦਾ ਹੈ । ਮਾਲਕਾਂ ਲਈ ਤੁਹਾਨੂੰ ਚੋਟ ਵਾਲੇ ਦਿਨ ਦੀ ਸਾਰੇ ਦਿਨ ਦੀ ਉਜਰਤ ਤੁਹਾਨੂੰ ਦੇਣੀ ਜ਼ਰੂਰੀ ਹੈ ।

## ਜੇਕਰ ਤੁਸੀਂ ਸੋਚਦੇ ਹੋ ਕਿ ਕਿਸੇ ਨੇ ਵੀ WSIB ਨੂੰ ਇਤਲਾਹ ਨਹੀਂ ਦਿੱਤੀ, ਤਾਂ ਕੀ ਕਰਨਾ ਹੈ ?

ਅਸੀਂ ਤੁਹਾਡੇ ਕਲੇਮ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ । ਅਸੀਂ ਕਈ ਭਾਸ਼ਾਵਾਂ ਬੋਲਦੇ ਹਾਂ । ਸਾਨੂੰ ਸਿੱਧਾ 1-800-387-0750 ਤੇ ਕਾਲ ਕਰੋ । ਜੇਕਰ ਤੁਸੀਂ ਬੋਲੇ ਹੋ ਜਾਂ ਸੁਨਣ ਵਿੱਚ ਕਠਨਾਈ ਹੈ ਤਾਂ, ਟੀ ਟੀ ਵਾਈ: 1-800-387-0050 ਤੇ ਕਾਲ ਕਰੋ । ਲਾਭਾਂ ਦਾ ਕਲੇਮ ਕਰਨਾ ਜਿਤਨੀ ਜਲਦੀ ਸੰਭਵ ਹੋ ਸਕੇ ਜ਼ਰੂਰੀ ਹੈ । ਲਾਭਾਂ ਦਾ ਕਲੇਮ ਕਰਨ ਲਈ ਤੁਹਾਡੇ ਕੋਲ ਸੱਟ ਦੀ ਤਾਰੀਖ ਤੋਂ ਜਾਂ, ਪੇਸ਼ਾਵਰਾਨਾਂ ਬੀਮਾਰੀਆਂ ਲਈ, ਬੀਮਾਰੀ ਦੇ ਸ਼ੁਰੂ ਹੋਣ ਤੋਂ ਉਪਰੰਤ ਛੇ ਮਹੀਨੇ ਦਾ ਸਮਾਂ ਹੈ ।

## ਕੰਮ ਤੇ ਚੋਟ ਲੱਗ ਜਾਣ ਦੀ ਸੂਰਤ ਵਿੱਚ ਮੇਰੀਆਂ ਹੋਰ ਕੀ ਜ਼ਿੰਮੇਵਾਰੀਆਂ ਹਨ ?

ਤੁਹਾਨੂੰ ਜ਼ਰੂਰਤ ਹੈ ਕਿ :

- ਜਦ ਤੁਸੀਂ ਸਿਹਤਯਾਬ ਹੋ ਰਹੇ ਹੋ ਤਾਂ ਆਪਣੇ ਮਾਲਕਾਂ ਨਾਲ ਸੰਪਰਕ ਰੱਖੋ
- ਆਪਣੇ ਮਾਲਕਾਂ ਨਾਲ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਸੀ, ਆਪਣੀ ਆਮ ਨੌਕਰੀ ਤੋਂ ਭਿੰਨ ਕੰਮ ਬਾਰੇ, ਜਾਂ ਘੱਟ ਘੰਟੇ ਕੰਮ ਕਰਨ ਦੇ ਸਿਲਸਿਲੇ ਵਿੱਚ ਗੱਲਬਾਤ ਕਰੋ ।

ਜੇਕਰ ਤੁਸੀਂ ਕੰਮ ਤੇ ਜ਼ਖਮੀ ਹੋ ਗਏ ਹੋ ਤਾਂ – ਤਤਕਾਲ ਆਪਣੇ ਮਾਲਕਾਂ ਨੂੰ ਦੱਸੋ ।
ਕੰਮ ਦੇ ਸਥਾਨ ਤੇ ਸਾਰੀਆਂ ਚੋਟਾਂ ਅਤੇ ਬੀਮਾਰੀਆਂ ਦੀ ਰਿਪੋਰਟ ਕਰਨੀ ਮਾਲਕਾਂ ਦੀ ਜ਼ਿੰਮੇਵਾਰੀ ਹੈ ।
ਉਹ ਸਿਰਫ ਉਹ ਹੀ ਸੱਟਾਂ ਜਾਂ ਬੀਮਾਰੀਆਂ ਦੀ ਰਿਪੋਰਟ ਕਰ ਸਕਦੇ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਪਤਾ ਹੈ ।

## ਵਰਕਪਲੇਸ ਸੇਫਟੀ ਅਤੇ ਇੰਸ਼ੋਰੈਂਸ ਬੋਰਡ

ਉਨਟਾਰੀਓ ਦਾ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ (WSIB) ਪ੍ਰਾਂਤ ਦੀ ਪੇਸ਼ਾਵਰ ਸਿਹਤ ਅਤੇ ਸੁਰੱਖਿਆ ਪ੍ਰਣਾਲੀ ਵਿੱਚ ਇਕ ਅਹਿਮ ਕਿਰਦਾਰ ਨਿਭਾਉਂਦਾ ਹੈ । WSIB ਨਿਯੋਜਕਾਂ ਅਤੇ ਉਹਨਾਂ ਦੇ ਕਾਮਿਆਂ ਲਈ ਕਸੂਰ-ਰਹਿਤ ਬੀਮੇ ਦਾ ਪ੍ਰਬੰਧ ਕਰਦਾ ਹੈ ਅਤੇ ਕੰਮ ਦੇ ਸਥਾਨਾਂ ਤੇ ਸੱਟਾਂ ਅਤੇ ਬੀਮਾਰੀਆਂ ਦੀ ਰੋਕਥਾਮ ਲਈ ਵਚਨਬੱਧ ਹੈ । WSIB ਅਯੋਗਤਾ ਲਾਭ ਪ੍ਰਦਾਨ ਕਰਦਾ ਹੈ, ਸਿਹਤ ਸੰਭਾਲ ਦੇ ਮਿਆਰ ਤੇ ਨਿਗਾਹ ਰੱਖਦਾ ਹੈ ਅਤੇ ਉਨ੍ਹਾਂ ਕਾਮਿਆਂ ਲਈ ਜੋ ਕੰਮ ਤੇ ਜ਼ਖਮੀ ਜਾਂ ਪੇਸ਼ਾਵਰ ਬੀਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਕੰਮ ਤੇ ਜਲਦ ਅਤੇ ਸੁਰੱਖਿਅਤ ਵਾਪਸੀ ਦਾ ਸਮਰਥਣ ਕਰਦਾ ਹੈ ।

ਇਹ ਜਾਣਕਾਰੀ ਸਾਡੀ ਗਰਮਾ-ਗਰਮ ਲਾਈਨ ਨੂੰ 416-344-4999 ਕਾਲ ਕਰਨ ਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ
ਕਰ-ਰਹਿਤ 1-800-465-5606 ਜਾਂ ਬੋਲਿਆਂ ਲਈ ਟੈਲੀਫੋਨ ਸੇਵਾ -- ਟੀਟੀਵਾਈ: 1-800-387-0050

 © WSIB Ontario